Alberta

# ਨਿਊਜ਼ ਰਿਲੀਜ਼

## ਪਾਰਦਰਸ਼ਤਾ ਅਤੇ ਇਲੈਕਸ਼ਨ ਸਬੰਧੀ ਦਿਆਨਤਦਾਰੀ ਨੂੰ ਵਧਾਉਣਾ

30 ਮਾਰਚ 2026

ਸੁਝਾਇਆ ਗਿਆ ਵਿਧਾਨ ਤਨਖਾਹ ਦਾ ਖੁਲਾਸਾ ਕਰਨ ਦੀ ਹੱਦ ਨੂੰ ਘਟਾਏਗਾ, ਸਿਟੀਜ਼ਨ ਇੰਨੀਸ਼ੀਏਟਿਵਾਂ ਅਤੇ ਰੀਕਾਲਾਂ ਦੀ ਨਿਗਰਾਨੀ ਨੂੰ ਮਜ਼ਬੂਤ ਕਰੇਗਾ, ਅਤੇ ਇਲੈਕਸ਼ਨ ਡੀਪਫੇਕਕਾਂ 'ਤੇ ਪਾਬੰਦੀ ਲਗਾਏਗਾ।

ਜੇਕਰ ਪਾਸ ਹੋ ਜਾਂਦਾ ਹੈ, *ਜਸਟਿਸ ਸਟੈਚਿਊਟਸ ਅਮੈਂਡਮੈਂਟਸ ਐਕਟ,* 2026 ਪਬਲਿਕ ਸੈਕਟਰ ਮੁਆਵਜ਼ੇ/ਤਨਖਾਹਾਂ ਰਿਪੋਰਟ ਕਰਨ ਦੀ ਹੱਦ ਨੂੰ ਘਟਾਏਗਾ, ਖੁੱਲ੍ਹੇ ਅਤੇ ਪਹੁੰਚਯੋਗ ਲੋਕਤੰਤਰੀ ਅਮਲਾਂ ਨੂੰ ਬੜ੍ਹਾਵਾ ਦਏਗਾ ਅਤੇ ਡੀਪਫੇਕ ਬਣਾਉਣ ਅਤੇ ਚਲਾਉਣ ਵਿਖਾਉਣ ਦੀ ਮਨਾਹੀ ਦੁਆਰਾ ਐਲਬਰਟਾ ਦੀ ਇਲੈਕਸ਼ਨਾਂ 'ਚ ਦਿਆਨਤਦਾਰੀ ਦੀ ਸੁਰੱਖਿਆ ਕਰੇਗਾ।

“ਐਲਬਰਟਾ ਨਿਵਾਸੀ ਆਪਣੀ ਸਰਕਾਰ ਕੋਲੋਂ ਪਾਰਦਰਸ਼ਤਾ ਦੀ ਹੱਕਦਾਰੀ ਰੱਖਦੇ ਹਨ, ਇਸ ਕਰਕੇ ਪਬਲਿਕ ਸੈਕਟਰ ਕੰਪੈਂਸੇਸਨ ਰਿਪੋਰਟ ਕਰਨਾ ਇਕ ਤਰਜੀਹ ਬਣਿਆਂ ਰਹਿੰਦਾ ਹੈ। ਇਸੇ ਹੀ ਸਮੇਂ, ਆਪਣੀਆਂ ਇਲੈਕਸ਼ਨਾਂ ਦੀ ਦਿਆਨਤਦਾਰੀ ਦੀ ਸੁਰੱਖਿਆ ਲਈ ਅਤੇ ਇਹ ਯਕੀਨੀ ਬਣਾਉਣ ਲਈ ਕਿ ਐਲਬਰਟਾ ਨਿਵਾਸੀ ਆਪਣੇ ਲੋਕਤੰਤਰ 'ਚ ਪੂਰਨ ਵਿਸ਼ਵਾਸ਼ ਰੱਖ ਸਕਣ, ਅਸੀਂ ਆਪਣੇ ਲੋਕਤੰਤਰੀ ਅਮਲ ਵਿਧਾਨ ਨੂੰ ਚੰਗੇਰਾ ਬਣਾਉਣਾ ਜਾਰੀ ਰੱਖ ਰਹੇ ਹਾਂ।”

*Mickey Amery, ਮਿਨਿਸਟਰ ਆਫ ਜਸਟਿਸ*

**ਪਬਲਿਕ ਸੈਕਟਰ ਕੰਪੈਂਸੇਸ਼ਨ ਟ੍ਰਾਂਸਪੇਰੈਂਸੀ ਐਕਟ**

ਪਬਲਿਕ ਜਵਾਬਦੇਹੀ ਨੂੰ ਮਜ਼ਬੂਤ ਕਰਨ ਵਾਸਤੇ ਐਕਟ ਦੇ ਤਹਿਤ ਕੰਪੈਂਸੇਸ਼ਨ ਖੁਲਾਸਾ ਕਰਨ ਦੀ ਹੱਦ 130,000 ਡਾਲਰ ਤੱਕ ਘਟਾ ਦਿੱਤੀ ਜਾਵੇਗੀ। ਇਕ ਕੈਲੰਡਰ ਵਰ੍ਹੇ 'ਚ ਦੂਸਰੇ ਸੈਵਰੈਂਸ ਖੁਲਾਸੇ ਦੀ ਜ਼ਰੂਰਤ ਇਕ ਹੀ ਸਲਾਨਾਂ ਖੁਲਾਸਾ ਕਰਨ 'ਤੇ ਵਾਪਸ ਮੁੜਨ ਲਈ ਹਟਾ ਦਿੱਤੀ ਜਾਵੇਗੀ, ਜਿਵੇਂ ਕਿ ਸਟੈਂਡਿੰਗ ਕਮੇਟੀ ਆਨ ਫੈਮਿਲੀਜ਼ ਐਂਡ ਕਮਿਊਨਿਟੀਜ਼ ਵੱਲੋਂ ਸਿਫਾਰਸ਼ ਕੀਤੀ ਗਈ ਸੀ। *ਪਬਲਿਕ ਸੈਕਟਰ ਕੰਪੈਂਸੇਸ਼ਨ ਟ੍ਰਾਂਸਪੇਰੈਂਸੀ ਐਕਟ*'ਚ ਇਹ ਅੱਪਡੇਟਾਂ ਮਜ਼ਬੂਤ ਪਾਰਦਰਸ਼ਤਾ ਨੂੰ ਬਣਾਈ ਰੱਖਣਗੀਆਂ, ਜਦੋਂ ਕਿ ਇਹ ਲਾਲ ਫੀਤਾਸ਼ਾਹੀ ਨੂੰ ਘੱਟ ਕਰ ਰਹੀਆਂ ਹੋਣਗੀਆਂ।

**ਸਿਟੀਜ਼ਨ ਇੰਨੀਸ਼ੀਏਟਿਵ ਐਕਟ**

ਸਿਟੀਜ਼ਨ ਇੰਨੀਸ਼ੀਏਟਿਵ ਐਕਟ 'ਚ ਸੁਝਾਈਆਂ ਗਈਆਂ ਸੋਧਾਂ ਜਸਟਿਸ ਮਿਨਿਸਟਰ ਅਤੇ ਪਟੀਸ਼ਨ ਕਰਨ ਵਾਲੇ ਨੂੰ ਦਸਤਖਤਾਂ ਦੀ ਤਸਦੀਕ ਦੇ ਅਮਲ ਨੂੰ ਵਾਚਣ ਵਾਸਤੇ ਸਕਰੂਟਿਨੀਅਰ/ਨਿਰੀਖਕ ਨਿਯੁਕਤ ਕਰਨ ਦੀ ਇਜਾਜ਼ਤ ਦੇਣ ਦੁਆਰਾ ਪਾਰਦਰਸ਼ਤਾ ਅਤੇ ਜਵਾਬਦੇਹੀ 'ਚ ਵਾਧਾ ਕਰਨਗੀਆਂ। ਜੇਕਰ ਤਸਦੀਕ ਦੇ ਅਮਲ ਬਾਰੇ ਸ਼ਿਕਾਇਤਾਂ ਹੋਣ ਤਾਂ ਇਹ ਯਕੀਨੀ ਬਣਾਉਣ ਲਈ ਕਿ ਦਸਤਖਤਾਂ ਵਾਲੀਆਂ ਸ਼ੀਟਾਂ ਉਪਲਬਧ ਹੋਣ, ਸਫਲ ਸਿਟੀਜ਼ਨ ਇੰਨੀਸ਼ੀਏਟਿਵ ਪਟੀਸ਼ਨ ਦਸਤਖਤਾਂ ਦੀਆਂ ਸ਼ੀਟਾਂ ਹੁਣ ਦੀ ਇਕ ਸਾਲ ਰੱਖਣ ਦੀ ਜ਼ਰੂਰਤ

Classification: Public

ਦੀ ਬਜਾਇ ਦੋ ਸਾਲਾਂ ਲਈ ਸਾਂਭੀ ਰੱਖੀਆਂ ਜਾਣਗੀਆਂ। ਕਿਸੇ ਸਫਲ ਸਿਟੀਜ਼ਨ ਇੰਨੀਸ਼ੀਏਟਿਵ ਪ੍ਰੋਪੋਜ਼ਲ ਦੇ ਨਤੀਜੇ ਵਜੋਂ ਰੈਫਰੈਂਡਮ ਕਰਵਾਉਣ ਲਈ ਡੈੱਡਲਾਈਨਾਂ ਹਟਾ ਦਿੱਤੀਆਂ ਜਾਣਗੀਆਂ। ਨਿਸ਼ਚਿਤ ਡੈੱਡਲਾਈਨਾਂ ਨੂੰ ਹਟਾ ਦੇਣ ਨਾਲ ਰੈਫਰੈਂਡਮ ਢੁਕਵੇਂ ਢੰਗ ਦੇ ਸਮੇਂ ਅਨੁਸਾਰ ਕਰਵਾਏ ਜਾ ਸਕਿਆ ਕਰਨਗੇ।

**ਰੀਕਾਲ ਐਕਟ**

ਹੋਰਾਂ ਸੋਧਾਂ ਦੇ ਵਾਂਗ ਹੀ, ਸੁਝਾਈਆਂ ਗਈਆਂ ਤਬਦੀਲੀਆਂ ਰੀਕਾਲ ਪਟੀਸ਼ਨ 'ਚ ਦਿੱਤੇ ਨਾਂ ਵਾਲੇ ਐੱਮ ਐੱਲ ਏ ਅਤੇ ਪੀਟਸ਼ਨ ਬਿਨੈਕਾਰ ਨੂੰ ਸਕਰੂਟਿਨੀਅਰ ਨਿਯੁਕਤ ਕਰਨ ਦੀ ਇਜਾਜ਼ਤ ਦੇਣਗੀਆਂ। ਐਕਟ ਵਿਚ ਇਹ ਸੋਧਾਂ ਇਹ ਵੀ ਸਪੱਸ਼ਟ ਕਰਨੀਆਂ ਕਿ ਚੀਫ ਇਲੈਕਟੋਰਲ ਅਫਸਰ ਜ਼ਰੂਰੀ ਤੌਰ 'ਤੇ ਸਫਲ ਰੀਕਾਲ ਪਟੀਸ਼ਨ ਦੇ ਦਸਤਖਤਾਂ ਵਾਲੀਆਂ ਸ਼ੀਟਾਂ ਰੱਖੀ ਰੱਖੇ, ਜਦੋਂ ਤੱਕ ਕਿ ਰੀਕਾਲ ਵੋਟ ਮੁਕੰਮਲ ਨਹੀਂ ਹੋ ਜਾਂਦੀ।

**ਇਲੈਕਸ਼ਨ ਫਾਇਨੈਂਸਜ਼ ਐਂਡ ਕੰਟਰੀਬਿਊਸ਼ਨਜ਼ ਡਿਸਕਲੋਜ਼ਰ ਐਕਟ**

ਐਲਬਰਟਾ ਦੀ ਸਰਕਾਰ ਡੀਪਫੇਕਾਂ ਦੇ ਮੁੱਦੇ ਨਾਲ ਨਿਪਟ ਰਹੀ ਹੈ ਅਤੇ ਯਕੀਨੀ ਬਣਾ ਰਹੀ ਹੈ ਕਿ ਇਲੈਕਸ਼ਨਾਂ ਨਿਰਪੱਖ ਅਤੇ ਇਮਾਨਦਾਰ ਰਹਿਣ। ਉਨ੍ਹਾਂ ਡੀਪਫੇਕਾਂ ਦੀ ਸਿਜਰਨਾਂ ਅਤੇ ਡਿਸਟ੍ਰੀਬਿਊਸ਼ਨ ਵਰਜਿਤ ਕੀਤੀ ਜਾਵੇਗੀ ਜਿਹੜੇ ਕਿਸੇ ਉਮੀਦਵਾਰ ਦੇ ਅਚਾਰ-ਵਿਉਹਾਰ ਜਾਂ ਬਿਆਨਾਂ ਸਬੰਧੀ ਵੋਟਰਾਂ ਨੂੰ ਗੁੰਮਰਾਹ ਕਰਨ ਦੀ ਸੰਭਾਵਨਾਂ ਰੱਖਦੇ ਹਨ। ਵਿਅਕਤੀ ਅਤੇ ਇਕਾਈਆਂ, ਜਿੰਨ੍ਹਾਂ ਬਾਰੇ ਪਤਾ ਲੱਗਦਾ ਹੈ ਕਿ ਉਹ ਡੀਪਫੇਕਾਂ 'ਤੇ ਲੱਗੀਆਂ ਪਾਬੰਦੀਆਂ ਦਾ ਪਾਲਣ ਨਹੀਂ ਕਰ ਰਹੇ, ਉਨ੍ਹਾਂ ਵਿਅਕਤੀਆਂ ਨੂੰ 10,000 ਡਾਲਰ ਅਤੇ ਇਕਾਈਆਂ ਨੂੰ 100,000 ਡਾਲਰ ਦੇ ਵੱਧ ਤੋਂ ਵੱਧ ਦੰਡ ਜੁਰਮਾਨੇ ਹੋ ਸਕਦੇ ਹਨ।

ਇਕੱਠਿਆਂ ਮਿਲਾਕੇ, ਇਹ ਤਬਦੀਲੀਆਂ ਸਾਡੀ ਇਲੈਕਸ਼ਨ, ਰੀਕਾਲ ਅਤੇ ਸਿਟੀਜ਼ਨ ਇੰਨੀਸ਼ੀਏਟਵ ਦੇ ਅਮਲਾਂ ਨੂੰ ਚੰਗੇਰਾ ਬਣਾਉਣਗੀਆਂ ਅਤੇ ਭਰੋਸੇ ਨੂੰ ਵਧਾਉਣਗੀਆਂ।

**ਫੌਰੀ ਤੱਥ**

- *ਜਸਟਿਸ ਸਟੈਚਿਊਟਸ ਅਮੈਂਡਮੈਂਟਸ ਐਕਟ, 2026,* ਹੇਠ ਲਿਖੇ ਕਾਨੂੰਨਾਂ ਨੂੰ ਸੋਧਦਾ ਹੈ:
  - *ਪਬਲਿਕ ਸੈਕਟਰ ਕੰਪੈਂਸੇਸ਼ਨ ਟ੍ਰਾਂਸਪੇਰੈਂਸੀ ਐਕਟ*
  - *ਸਿਟੀਜ਼ਨ ਇੰਨੀਸ਼ੀਏਟਿਵ ਐਕਟ*
  - *ਰੀਕਾਲ ਐਕਟ*
  - *ਇਲੈਕਸ਼ਨ ਫਾਇਨੈਂਸ ਐਂਡ ਕੰਟਰੀਬਿਊਸ਼ਨ ਡਿਸਕਲੋਜ਼ਰ ਐਕਟ*
- *ਪਬਲਿਕ ਸੈਕਟਰ ਕੰਪੈਂਸੇਸ਼ਨ ਟ੍ਰਾਂਸਪੇਰੈਂਸੀ ਐਕਟ* ਅਨੁਸਾਰ ਉਨ੍ਹਾਂ ਕਰਮਚਾਰੀਆਂ ਨੂੰ ਅਤੇ ਸਾਰੇ ਪਬਲਿਕ ਏਜੰਸੀ ਬੋਰਡ ਮੈਂਬਰਾਂ ਨੂੰ, ਜੋ ਇਕ ਮਿਥੀ ਹੋਈ ਹੱਦ ਤੋਂ ਉੱਪਰ ਕਮਾਉਂਦੇ ਹਨ, ਆਪਣੇ ਕੰਪੈਂਸੇਸ਼ਨ ਸੈਵਰੈਂਸ ਦਾ ਹਰੇਕ 30 ਜੂਨ ਨੂੰ ਖੁਲਾਸਾ ਕਰਨ ਦੀ ਜ਼ਰੂਰਤ ਹੈ।
- ਐਲਬਰਟਾ ਸਰਕਾਰ ਦੇ ਕਰਮਚਾਰੀਆਂ ਲਈ ਇਹ ਹੱਦ 133, 813 ਡਾਲਰ ਤੋਂ 130,000 ਡਾਲਰ ਅਤੇ ਬਹੁਤੀਆਂ ਪਬਲਿਕ ਸੈਕਟਰ ਬਾਡੀਆਂ ਲਈ 159,676 ਡਾਲਰ ਤੋਂ 130,000 ਤੱਕ ਘਟਾ ਦਿੱਤੀ ਜਾਵੇਗੀ।

- ਡੀਪਫੇਕ ਅਸਲ ਜਾਪਦਾ ਮੀਡੀਆ ਹਨ, ਜੋ ਇਕ ਅਸਲ ਵਿਅਕਤੀ ਨੂੰ ਦਰਸਾਉਂਦੇ ਜਾਪਦੇ ਹਨ, ਜਿਹੜੇ ਡਿਜੀਟਲ ਢੰਗ ਨਾਲ ਬਣਾਏ ਗਏ ਜਾਂ ਜੋੜ ਤੋੜ ਕੀਤੇ ਗਏ ਹੁੰਦੇ ਹਨ।
- ਡੀਪਫੇਕਾਂ ਦੀ ਮਨਾਹੀ ਕਰ ਦਿੱਤੀ ਜਾਵੇਗੀ, ਜੇਕਰ ਉਹ ਹੇਠ ਲਿਖਿਆਂ ਦੇ ਅਚਾਰ ਵਿਉਹਾਰ ਜਾਂ ਬਿਆਨਾਂ ਬਾਰੇ ਚੋਣ ਕਰਨ ਵਾਲਿਆਂ/ਵੋਟਰਾਂ ਨੂੰ ਗੁੰਮਰਾਹ ਕਰਨ ਦੀ ਸੰਭਾਵਨਾਂ ਰੱਖਦੇ ਹੋਣਗੇ:
  - ਕੋਈ ਪਾਰਟੀ ਲੀਡਰ
  - ਕੋਈ ਲੀਡਰਸ਼ਿਪ ਜਾਂ ਨਾਮੀਨੇਸ਼ਨ ਲਈ ਲੜਨ ਵਾਲਾ
  - ਕੋਈ ਉਮੀਦਵਾਰ
  - ਕੋਈ ਮਿਨਿਸਟਰ
  - ਕੋਈ ਐੱਮ ਐੱਲ ਏ
  - ਚੀਫ ਇਲੈਕਟੋਰਲ ਅਫਸਰ
  - ਇਲੈਕਸ਼ਨ ਕਮਿਸ਼ਨਰ
  - ਇਲੈਕਸ਼ਨ ਐਲਬਰਟਾ ਦੇ ਕਰਮਚਾਰੀ
  - ਇਲੈਕਸ਼ਨ ਅਫਸਰ

## ਸਬੰਧਤ ਜਾਣਕਾਰੀ

- ਇੰਪਰੂਵਿੰਗ ਡੈਮੋਕਰੈਟਿਕ ਪ੍ਰੋਸੈੱਸਜ਼ ਐਂਡ ਪ੍ਰੋਟੈਕਸ਼ਨਜ਼
- ਫੈਕਟ ਸ਼ੀਟ: ਬਿੱਲ 23: ਜਸਟਿਸ ਸਟੈਚਿਊਟਸ ਅਮੈਂਡਮੈਂਟਸ ਐਕਟ, 2026

## ਸਬੰਧਤ ਖਬਰਾਂ

- **ਰਿਸਟੋਰਿੰਗ ਕਾਨਫੀਡੈਂਸ ਇਨ ਡੈਮੋਕਰੈਟਿਕ ਪ੍ਰੋਸੈੱਸਜ਼** (4 ਦਸੰਬਰ 2025)
- ਸਟਰੈਂਥਨਿੰਗ ਡੈਮੋਕਰੇਸੀ (29 ਅਪਰੈਲ 2025)